بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 01.01.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ ਅਤੇ ਨਵੇਂ ਸਾਲ ਨਾਲ ਸੰਬੰਧਤ ਅਨਮੋਲ ਨਸੀਹਤਾਂ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 01 ਜਨਵਰੀ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔
اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਜਲ ਰਿਹਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ, ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਸ਼ਹੀਦੀ ਦੇ ਪਿਛੋਕੜ ਬਾਰੇ ਗੱਲ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਅਜੇ ਮਾਮਲੇ ਪੂਰੀ ਤਰ੍ਹਾਂ ਸੁਲਝੇ ਨਹੀਂ ਸਨ ਕਿ ਖ਼ਵਾਰਿਜਾਂ ਨੇ ਇਹ ਸਲਾਹ ਕੀਤੀ ਕਿ ਇਸ ਫ਼ਿਤਨੇ ਤੇ ਫ਼ਸਾਦ ਨੂੰ ਮੁਕਾਉਣ ਲਈ ਜਿੰਨ੍ਹੇ ਵੀ ਵੱਡੇ ਵੱਡੇ ਵਿਅਕਤੀ ਹਨ ਇਹਨਾ ਨੂੰ ਕਤਲ ਕਰ ਦਿਓ । ਸੋ, ਇਹਨਾ ਦੇ ਕੁਝ ਜੁਰੱਤ ਰਖੱਣ ਵਾਲੇ ਯੋਧੇ ਇਹ ਪ੍ਰਣ ਕਰਕੇ ਨਿਕਲੇ ਕਿ ਇਹਨਾ ਵਿੱਚੋਂ ਇਕ ਹਜ਼ਰਤ ਅਲੀ ਨੂੰ ਇਕ ਹਜ਼ਰਤ ਮੁਆਵੀਆਹ ਨੂੰ ਅਤੇ ਇਕ ਉਮਰੋ ਬਿਨ ਆਸ ਨੂੰ ਇਕ ਹੀ ਦਿਨ ਅਤੇ ਇਕ ਹੀ ਸਮੇਂ ਵਿੱਚ ਕਤਲ ਕਰ ਦੇਵੇ ਗਾ । ਜੋ ਵਿਅਕਤੀ ਹਜ਼ਰਤ ਮੁਆਵੀਆਹ ਵੱਲ ਗਿਆ ਸੀ ਉਸਨੇ ਤਾਂ ਹਜ਼ਜਰਤ ਮੁਆਵੀਆਹ ਉਪੱਰ ਹਮਲਾ ਕੀਤਾ ਪਰ ਹਜ਼ਰਤ ਮਆਵੀਆਹ ਨੂੰ ਕੇਵਲ ਕੁਝ ਮਮੂਲੀ ਜ਼ਖ਼ਮ ਆਏ । ਉਹ ਵਿਅਕਤੀ ਫੜਿਆ ਗਿਆ ਅਤੇ ਮਗਰੋਂ ਕਤਲ ਕੀਤਾ ਗਿਆ । ਜੋ ਵਿਅਕਤੀ ਉਮਰੋ ਬਿਨ ਆਸ ਨੂੰ ਮਾਰਨ ਗਿਆ ਸੀ ਉਹ ਵੀ ਅਸਫ਼ਲ ਰਿਹਾ । ਜੋ ਵਿਅਕਤੀ ਹਜ਼ਰਤ ਅਲੀ ਨੂੰ ਮਾਰਨ ਨਿਕਲਿਆ ਸੀ ਉਸਨੇ ਜੱਦਕਿ ਆਪ ਸਵੇਰ ਸਮੇਂ ਦੀ ਨਮਾਜ਼ ਲਈ ਖੜੇ ਹੋਣ ਲੱਗੇ ਆਪ ਉਪੱਰ ਹਮਲਾ ਕੀਤਾ ਅਤੇ ਆਪ ਖ਼ਤਰਨਾਕ ਰੂਪ ਵਿੱਚ ਜ਼ਖ਼ਮੀ ਹੋਏ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਸ਼ਹੀਦੀ ਬਾਰੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਭਵਿਖਬਾਰੀ ਕੀਤੀ ਸੀ । ਹਜ਼ਰਤ ਉਬੈਦੁਲੱਾਹ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਫ਼ਰਮਾਇਆ, ਹੇ ਅਲੀ ! ... ਪਹਿਲਿਆਂ ਵਿੱਚੋਂ ਸਭ ਤੋਂ ਬਦਬਖ਼ਤ (ਭੈੜਾ) ਵਿਅਕਤੀ ਹਜ਼ਰਤ ਸਾਲਿਹ ਦੀ ਊਠਣੀ ਦੀਆਂ ਖੁਰੱਾਂ (ਗਿੱਟੇ) ਵਢੱਣ ਵਾਲਾ ਸੀ ਅਤੇ ਹੇ ਅਲੀ, ਮਗਰੋਂ ਆਉਣ ਵਾਲਿਆਂ ਵਿੱਚ ਸਭ ਤੋਂ ਵੱਧ

ਬਦਬਖ਼ਤ ਵਿਅਕਤੀ ਉਹ ਹੋਵੇਗਾ ਜੋ ਤੁਹਾਨੂੰ ਨੇਜ਼ਾ ਮਾਰੇਗਾ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਥਾਂ ਸੰਕੇਤ ਕੀਤਾ ਕਿ ਆਪ ਨੂੰ ਨੇਜ਼ਾ ਮਾਰਿਆ ਜਾਵੇਗਾ ।

ਜਦ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਮੌਤ ਦਾ ਸਮਾਂ ਨੇੜੇ ਆਇਆ ਤਾਂ ਆਪ ਨੇ ਹੇਠ ਲਿਖੀ ਵਸੀਯੱਤ ਕੀਤੀ ।

ਬਿਸਮਿਲੱਾ ਹਿਰੱਹਮਾ ਨਿਰੱਹੀਮ, ਇਹ ਉਹ ਵਸੀਯੱਤ ਹੈ ਜੋ ਅਲੀ ਬਿਨ ਅਬੀ ਤਾਲਿਬ ਨੇ ਕੀਤੀ ਹੈ । ਮੈਂ ਗਵਾਹੀ ਦਿੰਦਾ ਹਾਂ ਕਿ ਰੱਬ ਤੋਂ ਬਿਨਾ ਕੋਈ ਪੂਜਨ ਯੋਗ ਨਹੀਂ । ਅਤੇ ਇਹ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਸ ਦੇ ਬੰਦੇ ਅਤੇ ਰਸੂਲ ਹਨ । ਹੇ ਹਸਨ, ਮੈਂ ਤੈਨੂੰ ਅਤੇ ਆਪਣੀ ਸਾਰੀ ਸੰਤਾਨ ਅਤੇ ਆਪਣੇ ਸਾਰਿਆਂ ਘਰ ਵਾਲਿਆਂ ਨੂੰ ਰੱਬ ਤੋਂ ਡਰਦੇ ਰਹਿਣ ਦੀ ਵਸੀਯੱਤ ਕਰਦਾ ਹਾਂ, ਜੋ ਤੁਹਾਡਾ ਪਾਲਣਹਾਰ ਹੈ ਅਤੇ ਇਹ ਕਿ ਤੁਸੀਂ ਇਸਲਾਮ ਵਿੱਚ ਹੋਣ ਦੀ ਅਵਸਥਾ ਵਿੱਚ ਹੀ ਇਸ ਸੰਸਾਰ ਵਿੱਚੋਂ ਕੂਚ ਕਰਨਾ । ਤੁਸੀਂ ਸਾਰੇ ਮਿਲਕੇ ਰੱਬ ਦੀ ਡੋਰੀ ਨੂੰ ਮਜ਼ਬੂਤੀ ਨਾਲ ਫੜੀ ਰਖੱਣਾ ਅਤੇ ਆਪੋ ਵਿੱਚ ਮਤਿਭੇਦ ਨ ਕਰਨਾ ਕਿਉਂਕਿ ਮੈਂ ਅਬੁਲ ਕਾਸਿਮ ਸਲਲੱਾਹੁ ਅਲੈਹਿ ਵਸਲੱਮ ਤੋਂ ਸੁਣਿਆ ਹੈ ਕਿ ਆਪਸੀ ਸੰਬੰਧਾਂ ਦਾ ਸੁਧਾਰ ਕਰਨਾ ਨਫ਼ਲ ਨਮਾਜ਼ਾਂ ਤੇ ਰੋਜ਼ਿਆਂ ਤੋਂ ਚੰਗਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਬਹੁਤ ਹੀ ਮਹਤੱਵਪੂਰਨ ਗੱਲ ਹੈ ਇਸ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਆਪਸੀ ਸੰਬੰਧਾ ਦਾ ਸੁਧਾਰ ਕਰਨਾ ਨਫ਼ਲ ਨਮਾਜ਼ਾਂ ਤੇ ਰੋਜ਼ਿਆਂ ਤੋਂ ਚੰਗਾ ਹੈ । ਤੁਸੀਂ ਆਪਣੇ ਰਿਸ਼ਤੇਦਾਰਾਂ ਦਾ ਖ਼ਿਆਲ ਰਖੱਣਾ ਅਤੇ ਉਹਨਾ ਨਾਲ ਚੰਗਾ ਵਰਤਾਉ ਕਰਨਾ, ਇਸ ਨਾਲ ਰੱਬ ਤੁਹਾਡੇ'ਤੇ ਪਰਖ ਸੌਖੀ ਕਰ ਦੇਵੇਗਾ । ਯਤੀਮਾ ਦੇ ਮਾਮਲਿਆਂ ਵਿੱਚ ਰੱਬ ਤੋਂ ਡਰਨਾ । ਗਵਾਂਢੀਆਂ ਬਾਰੇ ਰੱਬ ਤੋਂ ਡਰੋ ਕਿਉਂਕਿ ਗਵਾਂਢੀਆਂ ਨਾਲ ਚੰਗਾ ਵਰਤਾਉ ਤੁਹਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਵਸੀਯੱਤ ਹੈ । ਨਮਾਜ਼ ਦੇ ਮਾਮਲੇ ਵਿੱਚ ਰੱਬ ਤੋਂ ਡਰੋ ਕਿਉਂਕਿ ਇਹ ਤੁਹਾਡੇ ਦੀਨ (ਧਰਮ) ਦਾ ਸਤੰਭ ਹੈ ਆਪਣੇ ਰੱਬ ਦੇ ਘਰ ਬਾਰੇ ਰੱਬ ਤੋਂ ਡਰੋ ਅਤੇ ਜੀਵਨ ਭਰ ਉਸ ਨੂੰ ਖ਼ਾਲੀ ਨ ਹੋਣ ਦਿਓ ਕਿਉਂਕਿ ਜੇਕਰ ਉਹ ਖ਼ਾਲੀ ਛੱਡ ਦਿਤੱਾ ਗਿਆ ਤਾਂ ਉਸ ਜਿਹਾ ਕੋਈ ਹੋਰ ਘਰ ਤੁਹਾਨੂੰ ਨਹੀਂ ਮਿਲੇਗਾ ਅਤੇ ਆਪਣੀਆਂ ਜਾਨਾਂ ਅਤੇ ਮਾਲ ਰਾਹੀਂ ਜਿਹਾਦ ਕਰੋ ਅਤੇ ਜ਼ਕਾਤ ਬਾਰੇ ਰੱਬ ਤੋਂ ਡਰੋ ਕਿਉਂਕਿ ਇਹ ਰੱਬ ਦੇ ਗੁੱਸੇ ਨੂੰ ਬੁਝਾਉਦੀ ਹੈ ਅਤੇ ਗ਼ਰੀਬਾਂ ਤੇ ਮਿਸਕੀਨਾ ਬਾਰੇ ਵੀ ਰੱਬ ਤੋਂ ਡਰੋ ਅਤੇ ਉਹਨਾ ਨੂੰ ਆਪਣੇ ਸਾਮਾਜਿਕ ਸਾਧਨਾ ਵਿੱਚ ਸ਼ਮਾਲ ਕਰੋ । ਨਮਾਜ਼ ਦੀ ਸੁਰੱਖਿਆ ਕਰੋ । ਰੱਬ ਦੀ ਰਜ਼ਾ ਖ਼ਾਤਰ ਕਿਸੇ ਮਲਾਮਤ (ਬੁਰਾ ਭਲਾ ਬੋਲਣ ਵਾਲੇ) ਕਰਨ ਵਾਲੇ ਦਾ ਡਰ ਨ ਪਾਲੋ । ਲੋਕਾਂ ਨੂੰ ਨੇਕ ਗੱਲ ਕਹੋ ਜਿਵੇਂ ਕਿ ਰੱਬ ਨੇ ਤੁਹਾਨੂੰ ਹੁਕਮ ਦਿਤੱਾ ਹੈ । ਚੰਗੀਆਂ ਗੱਲਾਂ ਦਾ ਆਦੇਸ਼ ਦੇਣਾ ਅਤੇ ਬੁਰੀਆਂ ਗਲੱਾਂ ਤੋਂ ਰੋਕਣਾ ਇਸ ਨੂੰ ਨ ਛੱਡੋ ਨਹੀਂ ਤਾਂ ਤੁਹਾਡੇ ਵਿੱਚੋਂ ਭੈੜੇ ਲੋਕ ਤੁਹਾਡੇ ਹਾਕਮ ਬਣ ਜਾਣਗੇ, ਫਿਰ ਤੁਸੀਂ ਦੁਆ ਕਰੋਗੇ ਪਰ ਤੁਹਾਡੀਆਂ ਦੁਆਵਾਂ ਕੁਬੂਲ ਨਹੀਂ ਹੋਣਗੀਆਂ । ਇਕ ਦੂਜੇ ਨਾਲ ਰਾਬਤਾ ਤੇ ਸੰਬੰਧ ਬਣਾਈ ਰੱਖੋ ਅਤੇ ਬਿਨਾ ਝਿਜਕਿਆਂ ਇਕ ਦੂਜੇ ਦੇ ਕੰਮ ਆਓ । ਖ਼ਬਰਦਾਰ ਇਕ ਦੂਜੇ ਨਾਲ ਦੁਸ਼ਮਣੀਆਂ ਨ ਵਧਾਓ, ਨ ਹੀ ਸੰਬੰਧ ਤੋੜੋ ਅਤੇ ਨ ਹੀ ਮਤਿਭੇਦ ਕਰੋ ਅਤੇ ਨੇਕੀ ਤੇ ਸੰਜਮਤਾ ਵਿੱਚ ਆਪੋ ਵਿੱਚ ਮਦਦ ਕਰੋ ਅਤੇ ਪਾਪ ਤੇ ਸਰਕਸ਼ੀ (ਅਕ੍ਰਿਤਘਣ) ਵਿੱਚ ਸਾਥ ਨ ਦਿਓ । ਰੱਬ ਦਾ ਤਕਵਾ (ਸੰਜਮਤਾ) ਧਾਰਨ ਕਰੋ । ਨਿਰਸੰਦੇਹ ਰੱਬ ਸਖ਼ਤ ਦੰਡ ਦੇਣ ਵਾਲਾ ਹੈ ।

ਹਜ਼ਰਤ ਅਲੀ ਬਿਨ ਅਬੂ ਤਾਲਿਬ ਦਾ ਦੇਹਾਂਤ ਹੋਇਆ ਤਾਂ ਹਜ਼ਰਤ ਹਸਨ ਬਿਨ ਅਲੀ ਮੈਂਬਰ'ਤੇ ਖੜੇ ਹੋਏ ਅਤੇ ਫ਼ਰਮਾਇਆ ਹੇ ਲੋਕੋ ! ਅੱਜ ਰਾਤ ਇਕ ਅਜਿਹੇ ਵਿਅਕਤੀ ਦਾ ਦੇਹਾਂਤ ਹੋਇਆ ਹੈ ਕਿ ਨ ਇਸ ਤੋਂ ਪਹਿਲਾਂ ਲੋਕ ਇਸ ਤੋਂ ਅੱਗੇ ਨਿਕਲ ਸਕੇ ਅਤੇ ਨਾ ਹੀ ਬਾਦ ਵਿੱਚ ਆਉਣ ਵਾਲੇ ਇਸ ਸਥਾਨ ਨੂੰ ਪਾ ਸਕਣਗੇ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਜੱਦ ਕਿਸੇ ਮੁਹਿਮ'ਤੇ ਇਸ ਨੂੰ ਭੇਜਦੇ ਤਾਂ ਜਿਬਰਾਈਲ ਇਸਦੇ ਸੱਜੇ ਪਾਸੇ ਅਤੇ ਮੀਕਾਈਲ ਇਸ ਦੇ ਖੱਬੇ ਪਾਸੇ ਹੁੰਦੇ ਸਨ ਅਤੇ ਉਹ ਵਾਪਸ ਨਹੀਂ ਪਰਤਦਾ ਸੀ ਜੱਦ ਤੱਕ ਰੱਬ ਉਸਦੇ ਹੱਥ'ਤੇ ਜਿੱਤ ਨ ਪ੍ਰਦਾਨ ਕਰ ਦਿੰਦਾ ਸੀ । ਆਪ ਦਾ ਦੌਰੇ ਖ਼ਿਲਾਫ਼ਤ (ਖ਼ਿਲਾਫ਼ਤ ਕਾਲ) ਚਾਰ ਸਾਲ ਸਾਢੇ ਅੱਠ ਮਹੀਂਨੇ ਰਿਹਾ ।

ਹਜ਼ਰਤ ਅਲੀ ਨੇ ਵੱਖ ਵੱਖ ਸਮਿਆ ਵਿੱਚ ਅੱਠ ਵਿਆਹ ਕੀਤੇ । ਇਹਨਾ ਵਿੱਚੋਂ ਰੱਬ ਨੇ ਇਹਨਾ ਨੂੰ ਬਹੁਤ ਸੰਤਾਨ ਪ੍ਰਦਾਨ ਕੀਤੀ ਜਿੰਨ੍ਹਾ ਦੀ ਗਿਣਤੀ ਤੀਹ ਤੋਂ ਵੱਧ ਬਣਦੀ ਹੈ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਬਿਆਨ ਕਰਦੀ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਲੋਕਾਂ ਵਿੱਚੋਂ ਸਭ ਤੋਂ ਵੱਧ ਪਿਆਰੀ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਸਨ । ਹਜ਼ਰਤ ਸਾਅਲਬਾ ਬਿਨ ਅਬੂ ਮਾਲਕ ਬਿਆਨ ਕਰਦੇ ਹਨ ਕਿ ਹਰ ਰਣਖੇਤਰ ਵਿੱਚ ਜੱਦ ਲੜਾਈ ਦਾ ਸਮਾਂ ਆਉਂਦਾ ਸੀ ਤਾਂ ਹਜ਼ਰਤ ਅਲੀ ਬਿਨ ਅਬੂ ਤਾਲਿਬ ਝੰਡਾ ਫੜ ਲੈਂਦੇ ਸਨ । ਹਜ਼ਰਤ ਇਬਨੇ ਅਬੱਾਸ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਐਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅਲੱਹ ਅਨਹੁ ਨੂੰ ਫ਼ਰਮਾਇਆ ਤੁਸੀਂ ਮੇਰੇ ਭਰਾ ਤੇ ਮੇਰੇ ਸਾਥੀ ਹੋ ।

ਹਜ਼ਰਤ ਅਨਸ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, ਸਵਰਗ ਤਿੰਨ ਵਿਅਕਤੀਆਂ ਲਈ ਉਤਸੁਕ ਹੈ ਅਤੇ ਉਹ ਹਨ ਅਲੀ ਰਜ਼ੀ ਅਲੱਾਹ ਅਨਹੁ, ਅਮੱਾਰ ਰਜ਼ੀ ਅਲੱਾਹ ਅਨਹੁ ਅਤੇ ਸਲਮਾਨ ਰਜ਼ੀ ਅਲੱਾਹ ਅਨਹੁ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਸਵਰਗ ਵਿੱਚ ਜਿਸ ਦਰਜੇ'ਤੇ ਮੈਂ ਹੋਵਾਂਗਾ ਉਸ ਵਿੱਚ ਅਲੀ ਤੇ ਫ਼ਾਤਮਾ ਹੋਣਗੇ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ 'ਅਸ਼ਰਹ ਮੁਬਸ਼ੱਰਹ' ਵਿੱਚੋਂ ਹਨ ਜਿੰਨ੍ਹਾ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਸੇ ਦੁਨੀਆ ਵਿੱਚ ਸਵਰਗ ਦੀ ਖ਼ੁਸ਼ਖ਼ਬਰੀ ਦਿੱਤੀ ਸੀ । ਬਾਕੀ ਇਨਸ਼ਾਅਲੱਾਹ ਭਵਿੱਖ ਵਿੱਚ ਵਰਨਣ ਕਰਾਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਮੇਂ ਮੈਂ ਇਕ ਹੋਰ ਗੱਲ ਆਖਣੀ ਚਾਹੁੰਦਾ ਹਾਂ । ਅੱਜ ਨਵੇਂ ਸਾਲ ਦਾ ਪਹਿਲਾ ਦਿਨ ਹੈ ਅਤੇ ਪਹਿਲਾ ਜੁਮਆ ਹੈ । ਦੁਆ ਕਰੋ ਕਿ ਇਹ ਸਾਲ ਜਮਾਤ ਲਈ, ਦੁਨੀਆ ਲਈ ਅਤੇ ਮਨੁਖੱਤਾ ਲਈ ਬਰਕਾਤਾਂ ਭਰਪੂਰ ਹੋਵੇ । ਅਸੀਂ ਵੀ ਆਪਣਾ ਫ਼ਰਜ਼ ਪੂਰਾ ਕਰਦਿਆਂ ਹੋਇਆਂ ਪਹਿਲਾਂ ਤੋਂ ਵਧੱਕੇ ਰੱਬ ਵੱਲ ਝੁਕਣ ਵਾਲੇ ਅਤੇ ਆਪਣੀਆਂ ਇਬਾਦਤਾਂ ਦੇ ਮਿਆਰ ਨੂੰ ਵਧਾਉਣ ਵਾਲੇ ਹੋਈਏ ਅਤੇ ਦੁਨੀਆ ਵਾਲੇ ਵੀ ਆਪਣੇ ਪੈਦਾ ਹੋਣ ਦੇ ਮੰਤਵ ਨੂੰ ਸਮਝਦਿਆਂ ਹੋਇਆਂ ਰੱਬ ਦੇ ਹੱਕ ਪੂਰੇ ਕਰਨ ਵਾਲੇ ਬਣ ਜਾਣ ਅਤੇ ਇਕ ਦੂਜੇ ਦੇ ਹਕੱਾਂ ਨੂੰ ਮਾਰਨ ਦੀ ਥਾਂ ਰੱਬ ਦੇ ਹੁਕਮਾ'ਤੇ ਚਲਦਿਆਂ ਹੋਇਆਂ ਇਕ ਦੂਜੇ ਦੇ ਹੱਕ ਪੂਰੇ ਕਰਨ ਵਾਲੇ ਬਣ ਜਾਣ, ਵਰਨਾ ਫਿਰ ਰੱਬ ਆਪਣੇ ਢੰਗ ਨਾਲ ਦੁਨੀਆ ਵਾਲਿਆਂ ਨੂੰ ਉਹਨਾ ਦੇ ਫ਼ਰਜ਼ਾਂ ਵੱਲ ਧਿਆਨ ਦੁਆਉਂਦਾ ਹੈ । ਕਾਸ਼ ! ਕਿ ਅਸੀਂ ਅਤੇ ਦੁਨੀਆ ਦੇ ਸਾਰੇ ਲੋਕ ਇਸ ਮਹਤੱਵਪੂਰਨ ਨੁਕਤੇ ਨੂੰ ਸਮਝ ਜਾਣ ਅਤੇ ਆਪਣੀ ਦੁਨੀਆ ਤੇ ਅੰਤ ਨੂੰ ਸੁਧਾਰ ਸਕਣ । ਕੁਝ ਮਹੀਨੇ ਪਹਿਲਾਂ ਮੈਂ ਬਹੁਤ ਸਾਰੀਆਂ ਹੁਕੂਮਤਾਂ ਦੇ ਪ੍ਰਧਾਨਾ ਨੂੰ ਇਸ ਵੱਲ ਧਿਆਨ ਦੁਆਉਣ ਲਈ ਪੱਤਰ ਲਿੱਖੇ ਸਨ ਅਤੇ ਕੋਵਿਡ ਦੇ ਹਵਾਲੇ ਨਾਲ ਸਮਝਾਉਣ ਦਾ ਜਤਨ ਕੀਤਾ ਸੀ ਅਤੇ ਇਸ ਵੱਲ ਧਿਆਨ ਦੁਆਇਆ ਸੀ ਕਿ ਇਹ ਆਫ਼ਤਾਂ ਰੱਬ ਵੱਲੋਂ ਆਪਣੇ ਹਕੱਾਂ ਤੇ ਕਰਤਵਾਂ ਨੂੰ ਭੁਲੱਣ ਅਤੇ ਪੂਰਾ ਨ ਕਰਨ ਸਗੋਂ ਜ਼ੁਲਮ ਕਰਨ ਵਿੱਚ ਵਧੱਣ ਕਰਕੇ ਆਉਂਦੀਆਂ ਹਨ । ਇਸ ਲਈ ਧਿਆਨ ਦੇਣ ਦੀ ਲੋੜ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਬਿਮਾਰੀ ਕਰਕੇ ਨ ਕੇਵਲ ਵਿਅਕਤੀਗੱਤ ਰੂਪ ਵਿੱਚ ਹਰ ਵਿਅਕਤੀ ਆਰਥਕ ਰੂਪ ਵਿੱਚ ਕਮਜ਼ੋਰ ਹੋ ਰਿਹਾ ਹੈ ਸਗੋਂ ਵੱਡੀਆਂ ਵੱਡੀਆਂ ਧਨਾਢ ਸਰਕਾਰਾਂ ਦਾ ਵੀ ਲੱਕ ਟੁੱਟ ਰਿਹਾ ਹੈ । ਦੁਨੀਆ ਦਾਰਾਂ ਕੋਲ ਇਸ ਦਾ ਕੇਵਲ ਇਕ ਹਲ ਹੈ ਕਿ ਜੱਦ ਅਜਿਹੀ ਹਾਲਤ ਹੋ ਜਾਵੇਗੀ ਤਾਂ ਦੂਜੇ ਨਿੱਕਿਆਂ ਦੇਸ਼ਾਂ ਦੀ ਆਰਥਕਤਾ ਉਪੱਰ ਕਬਜ਼ਾ ਕੀਤਾ ਜਾਏ । ਇਸ ਕੰਮ ਲਈ ਬਲਾਕ ਬਣਨਗੇ ਅਤੇ ਬਣ ਰਹੇ ਹਨ । ਸ਼ੀਤ ਯੁੱਧ ਫਿਰ ਸ਼ੁਰੂ ਹੋ ਜਾਏਗਾ ਅਤੇ ਹੁਣ ਕਿਹਾ ਜਾਣ ਲਗੱਾ ਹੈ ਕਿ ਸ਼ੁਰੂ ਹੋ ਚੁਕੱਾ ਹੈ ਅਤੇ ਕੋਈ ਦੂਰ ਨਹੀਂ ਕਿ ਅਸਲ ਹੱਥਿਆਰਾਂ ਦਾ ਯੁੱਧ ਵੀ ਹੋ ਜਾਏ ਜੋ ਕਿ ਅਤਿਅੰਤ ਭਿਆਨਕ ਯੁੱਧ ਹੋਵੇਗਾ । ਸੋ, ਇਸ ਤੋਂ ਪਹਿਲਾਂ ਕਿ ਦੁਨੀਆ ਇਸ ਹਾਲਤ ਨੂੰ ਪਹੁੰਚੇ ਸਾਨੂੰ ਆਪਣੇ ਫ਼ਰਜ਼ ਪੂਰੇ ਕਰਦਿਆਂ ਹੋਇਆਂ ਦੁਨੀਆ ਨੂੰ ਹੁਸ਼ਿਆਰ ਕਰਨਾ ਚਾਹੀਦਾ ਹੈ । ਸੋ, ਇਹ ਸਾਲ ਮੁਬਾਰਕਾਂ ਦਾ ਸਾਲ ਉਸ ਸਮੇਂ ਬਣੇਗਾ ਜੱਦ ਅਸੀਂ ਆਪਣੇ ਫ਼ਰਜ਼ਾਂ ਨੂੰ ਇਸ ਸੀਮਾ ਤੱਕ ਪੂਰਾ ਕਰਨ ਵਾਲੇ ਹੋਵਾਂਗੇ । ਹਰ ਅਹਮਦੀ ਨੂੰ ਗ਼ੌਰ ਕਰਨਾ ਚਾਹੀਦਾ ਹੈ ਕਿ ਉਸ ਦੇ ਸੁਪੁਰਦ ਇਕ ਬਹੁਤ ਵਡੱਾ ਕੰਮ ਕੀਤਾ ਗਿਆ ਹੈ ਅਤੇ ਇਸ ਨੂੰ ਨੇਪਰੇ ਚਾੜ੍ਹਨ ਲਈ ਪਹਿਲਾਂ

ਆਪਣੇ ਅੰਦਰ ਪਿਆਰ ਸਨੇਹ ਤੇ ਭਾਈਚਾਰੇ ਦਾ ਵਾਤਾਵਰਣ ਪੈਦਾ ਕਰਨ । ਫਿਰ ਦੁਨੀਆ ਨੂੰ ਇਸ ਝੰਡੇ ਹੇਠ ਲਿਆਉਣ । ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਬੁਲੰਦ ਕੀਤਾ ਸੀ ਅਤੇ ਜੋ ਰੱਬ ਦੀ ਤੌਹੀਦ (ਇਕ ਈਸ਼ਵਰਵਾਦ) ਦਾ ਝੰਡਾ ਹੈ ਫਿਰ ਹੀ ਅਸੀਂ ਆਪਣੀ ਬੈਅਤ ਦੇ ਮੰਤਵ ਵਿੱਚ ਸਫ਼ਲ ਹੋ ਸਕਦੇ ਹਾਂ, ਰੱਬ ਸਾਨੂੰ ਇਸਦਾ ਸੰਜੋਗ ਪ੍ਰਦਾਨ ਕਰੇ ਅਤੇ ਹਰ ਅਹਮਦੀ ਪੁਰੁਸ਼, ਇਸਤਰੀ, ਜਵਾਨ ਤੇ ਬੁਢੱਾ ਇਸ ਗੱਲ ਨੂੰ ਸਮਝਦਿਆਂ ਹੋਇਆਂ ਇਹ ਪ੍ਰਣ ਕਰੇ ਕਿ ਇਸ ਨਵੇਂ ਸਾਲ ਵਿੱਚ ਦੁਨੀਆ ਵਿੱਚ ਇਕ ਇਨਕਲਾਬ ਪੈਦਾ ਕਰਨ ਲਈ ਮੈਂ ਆਪਣੇ ਸਾਰਿਆਂ ਗੁਣਾ ਤੇ ਯੋਗਤਾਵਾਂ ਨੂੰ ਵਰਤਨਾ ਹੈ । ਅਲੱਾਹ ਤਆਲਾ ਹਰ ਅਹਮਦੀ ਨੂੰ ਇਸਦੀ ਤੌਫ਼ੀਕ ਪ੍ਰਦਾਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪਾਕਿਸਤਾਨ ਦੇ ਅਹਮਦੀਆਂ ਅਤੇ ਅਲ ਜਜ਼ਾਇਰ ਦੇ ਅਹਮਦੀਆਂ ਨੂੰ ਆਪਣੀਆਂ ਦੁਆਵਾਂ ਵਿੱਚ ਯਾਦ ਰੱਖੋ । ਪਾਕਿਸਤਾਨ ਵਿੱਚ ਕਈ ਮੌਲਵੀ ਅਤੇ ਸਰਕਾਰੀ ਅਹਿਲਕਾਰ ਜ਼ੁਲਮ ਕਰਨ'ਤੇ ਉਤਰੇ ਹੋਏ ਹਨ । ਰੱਬ ਅਜਿਹੇ ਲੋਕਾਂ ਨੂੰ ਜਿੰਨ੍ਹਾ ਦਾ ਸੁਧਾਰ ਨਹੀਂ ਹੋ ਸਕਦਾ ਛੇਤੀ ਪਕੜ ਦੇ ਸਾਧਨ ਕਰੇ, ਨਿਰਸੰਦੇਹ ਉਸ ਦੀ ਮਦਦ ਆਉਂਦੀ ਹੈ ਅਤੇ ਅਵਸ਼ ਆਉਂਦੀ ਹੈ ਅਤੇ ਫਿਰ ਉਸ ਸਮੇਂ ਇਹਨਾ ਦੁਨੀਆਦਾਰਾਂ ਅਤੇ ਆਪਣੀ ਸੋਚ ਵਿੱਚ ਬੱਲ ਤੇ ਸ਼ਕਤੀ ਰਖੱਣ ਵਾਲੇ ਜੋ ਲੋਕ ਹਨ ਫਿਰ ਇਹਨਾ ਦੀ ਧੂੜ ਵੀ ਦਿਖਾਈ ਨਹੀਂ ਦਿੰਦੀ । ਸੋ, ਸਾਡਾ ਕੰਮ ਹੈ ਕਿ ਦੁਆਵਾਂ ਨਾਲ ਆਪਣੀਆਂ ਇਬਾਦਤਾਂ ਨੂੰ ਹੋਰ ਵਧੇਰੇ ਸਜਾਈਏ ਅਤੇ ਜੇਕਰ ਅਸੀਂ ਇਹ ਕਰ ਲਵਾਂਗੇ ਤਾਂ ਫਿਰ ਅਸੀਂ ਹੀ ਸਫ਼ਲ ਹਨ। ਸਾਡੀਆਂ ਖ਼ੁਸ਼ੀਆਂ ਉਸ ਸਮੇਂ ਹੋਣਗੀਆਂ ਜੱਦ ਮਨੁਖੱਤਾ ਮਨੁੱਖੀ ਕਦਰਾਂ ਕੀਮਤਾਂ ਨੂੰ ਪਛਾਨਣ ਵਾਲੀਆਂ ਬਣਨਗੀਆਂ। ਜੱਦ ਆਪੋ ਵਿੱਚ ਦੀਆਂ ਨਫ਼ਰਤਾਂ ਪ੍ਰੇਮ ਵਿੱਚ ਬਦਲ ਜਾਣਗੀਆਂ । ਅਲੱਾਹ ਤਆਲਾ ਇਸ ਖ਼ੁਸ਼ੀ ਦੇ ਸਾਧਨ ਵੀ ਸਾਨੂੰ ਛੇਤੀ ਤੋਂ ਛੇਤੀ ਪਹੁੰਚਾਏ । ਮੁਸਲਮਾਨ ਉਮੱਤ ਨੂੰ ਵੀ ਅਕਲ ਦੇਵੇ ਕਿ ਉਹ ਆਉਣ ਵਾਲੇ ਮਸੀਹ ਮੌਊਦ ਅਤੇ ਮਹਦੀ ਮਾਹੂਦ ਨੂੰ ਮੰਨ ਲੈਂਣ । ਦੁਨੀਆ ਨੂੰ ਵੀ ਅਕਲ ਦੇਵੇ ਕਿ ਉਹ ਰੱਬ ਅਤੇ ਉਸਦੇ ਬੰਦਿਆਂ ਦੇ ਹਕੱਾਂ ਨੂੰ ਪੂਰਾ ਕਰਨ ਵੱਲ ਧਿਆਨ ਦੇਣ ਵਾਲੇ ਹੋਣ । ਅਲੱਾਹ ਤਆਲਾ ਹਰ ਇਕ ਦੇਸ਼ ਵਿੱਚ ਹਰ ਅਹਮਦੀ ਨੂੰ ਆਪਣੀ ਸੁਰੱਖਿਆ ਤੇ ਅਮਾਨ ਵਿੱਚ ਰੱਖੇ ਅਤੇ ਇਹ ਸਾਲ ਹਰ ਅਹਮਦੀ ਲਈ ਹਰ ਮਨੁੱਖ ਲਈ ਰਹਿਮਾਤੰ ਤੇ ਬਰਕਤਾਂ ਦਾ ਸਾਧਨ ਬਣਕੇ ਆਵੇ ਅਤੇ ਜੋ ਕੁਤਾਹੀਆਂ, ਉਣਤਾਈਆਂ ਤੇ ਕਮੀਆਂ ਬੀਤਿ ਸਾਲਾਂ ਵਿੱਚ ਸਾਡੇ ਕੋਲੋਂ ਹੋ ਗਈਆਂ ਹਨ ਜੋ ਰੱਬ ਦੀ ਨਰਾਜ਼ਗੀ ਦਾ ਸਬਬ ਬਣੀਆਂ ਹਨ ਅਤੇ ਜਿੱਥੇ ਸਾਨੂੰ ਕੁਝ ਉਪਹਾਰਾਂ ਤੋਂ ਵਾਝਿਆਂ ਰਖੱਣ ਦਾ ਸਬਬ ਬਣੀਆਂ ਹਨ, ਰੱਬ ਸਾਨੂੰ ਇਹਨਾ ਤੋਂ ਬਚਾਏ ਅਤੇ ਆਪਣੇ ਉਪਹਾਰਾਂ ਦਾ ਅਤੇ ਆਪਣੀਆਂ ਮਿਹਰਾਂ ਦਾ ਵਾਰਸ ਬਣਾਏ ਅਤੇ ਅਸੀਂ ਹਕੀਕੀ ਮੋਮਿਨ ਬਣ ਜਾਈਏ । ਅਲੱਾਹ ਤਆਲਾ ਸਾਨੂੰ ਇਹਨਾ ਦੁਆਵਾਂ ਦੀ ਵੀ ਤੌਫ਼ੀਕ ਪ੍ਰਦਾਨ ਕਰੇ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَاللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 01.01.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131